# Global Technology Summit 2022 (November 29 – December 01, 2022)

November 28, 2022

.....................

**ਆਲਮੀ ਟੈਕਨੋਲੋਜੀ ਸਿਖਰ ਸੰਮੇਲਨ 2022 (ਨਵੰਬਰ 29 – ਦਸੰਬਰ 01, 2022)**

**28 ਨਵੰਬਰ, 2022**

ਜੀਓਟੈਕਨਾਲੋਜੀ ਦੇ ਵਿਸ਼ੇ 'ਤੇ ਆਲਮੀ ਟੈਕਨੋਲੋਜੀ ਸਿਖਰ ਸੰਮੇਲਨ (GTS) ਭਾਰਤ ਦਾ ਸਾਲਾਨਾ ਪ੍ਰਮੁੱਖ ਸਮਾਗਮ ਹੈ, ਜਿਸ ਦੀ ਸਹਿ-ਮੇਜ਼ਬਾਨੀ ਵਿਦੇਸ਼ ਮੰਤਰਾਲੇ ਅਤੇ ਕਾਰਨੇਗੀ ਇੰਡੀਆ ਦੁਆਰਾ ਕੀਤੀ ਜਾਂਦੀ ਹੈ, ਅਤੇ ਜੋ 2016 ਤੋਂ ਹਰ ਸਾਲ ਕਰਾਇਆ ਜਾਂਦਾ ਹੈ|

GTS ਦਾ 7ਵਾਂ ਐਡੀਸ਼ਨ ਮਿਲੇ ਜੁਲੇ ਰੂਪ ਵਿੱਚ ਨਵੀਂ ਦਿੱਲੀ ਵਿੱਚ 29 ਨਵੰਬਰ ਤੋਂ 1 ਦਸੰਬਰ, 2022 ਤੱਕ ਹੋਵੇਗਾ| ਇਸ ਸਾਲ ਦੇ ਸੰਮੇਲਨ ਦਾ ਵਿਸ਼ਾ 'ਤਕਨਾਲੋਜੀ ਦੀ ਭੂ-ਰਾਜਨੀਤੀ' ਹੈ|

ਤਿੰਨ ਦਿਨਾਂ ਦੇ ਸਮਗਮ ਦੌਰਾਨ ਤਕਨਾਲੋਜੀ, ਸਰਕਾਰ, ਸੁਰੱਖਿਆ, ਪੁਲਾੜ, ਸਟਾਰਟਅੱਪਸ, ਡੇਟਾ, ਕਾਨੂੰਨ, ਜਨਤਕ ਸਿਹਤ, ਜਲਵਾਯੂ ਤਬਦੀਲੀ, ਪੜ੍ਹਾਈ ਲਿਖਾਈ, ਅਰਥਵਿਵਸਥਾ ਆਦਿ ਵਿੱਚ ਦੁਨੀਆ ਦੇ ਪ੍ਰਮੁੱਖ ਵਿਚਾਰਕ ਤਕਨਾਲੋਜੀ ਅਤੇ ਇਸਦੇ ਭਵਿੱਖ ਨਾਲ ਸਬੰਧਤ ਮਹੱਤਵਪੂਰਨ ਸਵਾਲਾਂ ਤੇ ਬਹਿਸ ਕਰਨਗੇ ਜਿਵੇਂ ਟੈਕਨੋਲੋਜੀ ਦੇ ਫਾਇਦੇ ਅਤੇ ਚੁਣੌਤੀਆਂ, ਸਥਿਰਤਾ, ਟੈਕਨੋਲੋਜੀ ਖੇਤਰ ਵਿੱਚ ਉੱਭਰਦੀ ਭੂ-ਰਾਜਨੀਤੀ, ਵਿਕਾਸ ਲਈ ਡੇਟਾ, ਅਤੇ ਭਾਰਤ ਦੀ ਜੀ-20 ਪ੍ਰਧਾਨਗੀ ਸਬੰਧੀ ਵਿਚਾਰ|

GTS 2022 ਵਿੱਚ 50+ ਪੈਨਲ ਚਰਚਾਵਾਂ, ਮੁੱਖ ਭਾਸ਼ਣ, ਕਿਤਾਬਾਂ ਦਾ ਰਿਲੀਜ਼ ਅਤੇ ਹੋਰ ਸਮਾਗਮਾਂ ਵਿੱਚ 100 ਤੋਂ ਵੱਧ ਬੁਲਾਰਿਆਂ ਦੀ ਭਾਗੀਦਾਰੀ ਹੋਵੇਗੀ| ਅਮਰੀਕਾ, ਸਿੰਗਾਪੁਰ, ਜਾਪਾਨ, ਨਾਈਜੀਰੀਆ, ਬ੍ਰਾਜ਼ੀਲ, ਭੂਟਾਨ, ਯੂਰਪੀ ਸੰਘ ਅਤੇ ਹੋਰ ਦੇਸ਼ਾਂ ਦੇ ਮੰਤਰੀ ਅਤੇ ਸੀਨੀਅਰ ਸਰਕਾਰੀ ਅਧਿਕਾਰੀ ਵੀ ਸੰਮੇਲਨ ਵਿੱਚ ਹਿੱਸਾ ਲੈਣਗੇ|

ਸੰਮੇਲਨ ਦੇ ਉਦਘਾਟਨੀ ਸੈਸ਼ਨ ਵਿੱਚ ਭਾਰਤ ਦੇ ਵਿਦੇਸ਼ ਮੰਤਰੀ ਡਾ. ਐੱਸ ਜੈਸ਼ੰਕਰ ਜੀਓ-ਡਿਜੀਟਲ ਅਤੇ ਇਸਦੇ ਪ੍ਰਭਾਵਾਂ ਬਾਰੇ ਆਪਣੇ ਵਿਚਾਰ ਪੇਸ਼ ਕਰਨਗੇ|

ਦੁਨੀਆ ਭਰ ਦੇ 5000 ਤੋਂ ਵੱਧ ਪ੍ਰਤੀਭਾਗੀਆਂ ਨੇ ਸੰਮੇਲਨ ਵਿੱਚ ਸ਼ਾਮਲ ਹੋਣ ਲਈ ਆਪਣਾ ਨਾਂ ਦਰਜ ਕਰਾਇਆ ਹੈ| ਕਈ ਹਜ਼ਾਰ ਲੋਕਾਂ ਨੇ GTS ਦੀ ਵੈੱਬਸਾਈਟ ਵੇਖੀ ਹੈ| GTS ਸੰਮੇਲਨ ਦੀ ਵੈੱਬਸਾਈਟ ਅਤੇ ਕਾਰਨੇਗੀ ਇੰਡੀਆ ਦੇ YouTube ਅਤੇ ਸੋਸ਼ਲ ਮੀਡੀਆ ਪੇਜਾਂ ਰਾਹੀਂ ਵੱਡੀ ਗਿਣਤੀ ਵਿੱਚ ਭਾਗੀਦਾਰ ਇਸ ਗੱਲਬਾਤ ਵਿੱਚ ਸ਼ਾਮਲ ਹੋਣਗੇ|

ਸੰਮੇਲਨ ਬਾਰੇ ਵਧੇਰੇ ਜਾਣਕਾਰੀ, ਏਜੰਡਾ ਅਤੇ ਸਪੀਕਰਾਂ ਸਮੇਤ ਅਤੇ ਵਰਚੁਅਲ ਭਾਗੀਦਾਰੀ ਲੈਣ ਲਈ ਰਜਿਸਟਰ ਹੋਣ ਲਈ, ਕਿਰਪਾ ਕਰਕੇ ਸੰਮੇਲਨ ਦੇ ਇਸ ਪਲੇਟਫਾਰਮ 'ਤੇ ਜਾਓ: www.gts2022.com

ਨਵੀਂ ਦਿੱਲੀ

28 ਨਵੰਬਰ, 2022

DISCLAIMER: This is an approximate translation. The original is available in English on MEA's website and may be referred to as the official press release.